# ***ਪ੍ਰੋਗਰੈਸਿਵ ਟੀਚਰਜ ਯੂਨੀਅਨ ਪੰਜਾਬ।***

ਸੇਵਾ ਵਿਖੇ,

1. ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ ਪੰਜਾਬ।
2. ਮਾਣਯੋਗ ਸ੍ਰੀ ਵਿਜੇਇੰਦਰ ਸਿੰਗਲਾ ਜੀ, ਸਿੱਖਿਆ ਮੰਤਰੀ ਪੰਜਾਬ।
3. ਸਕੱਤਰ, ਸਕੂਲ ਸਿੱਖਿਆ ਪੰਜਾਬ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ) ਪੰਜਾਬ।

ਵਿਸ਼ਾ: ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਕੀਤੀਆਂ ਜਾ ਰਹੀਆਂ ਪ੍ਰਮੋਸ਼ਨਾਂ ਵਿੱਚ ਵੱਡੇ ਪੱਧਰ ਤੇ ਹੋ ਰਹੀਆਂ ਧਾਂਦਲੀਆਂ ਦੀ ਉੱਚ ਪੱਧਰੀ ਜਾਂਚ ਕਰਵਾਉਣ ਅਤੇ ਇਨਸਾਫ ਮਿਲਣ ਤੱਕ ਪ੍ਰਮੋਸ਼ਨ ਪ੍ਰਕ੍ਰਿਆ ਨੂੰ ਰੋਕਣ ਬਾਰੇ।

**(ਵਿਸ਼ੇਸ਼ ਹਵਾਲਾ: ਸੀਨੀਆਰਤਾ ਨੰ: 25265 ਚੰਦ ਸਿੰਘ (Staff ID No: 523386010) ਦੀ ਬਤੌਰ ਪੰਜਾਬੀ ਲੈਕਚਰਾਰ ਤਰੱਕੀ, ਸੀਨੀਆਰਤਾ ਨੰ: 31274 (Staff ID No: 353763610) ਨਿਰਮਲ ਸਿੰਘ ਮੈਥ ਮਾਸਟਰ ਦੀ ਬਤੌਰ ਕਮਰਸ ਲੈਕਚਰਾਰ ਤਰੱਕੀ ਅਤੇ ਸੀਨੀਆਰਤਾ ਨੰ: 32812 (Staff ID No: 238092606) ਰਾਜੀਵ ਮਿੱਤਲ ਸ.ਸ. ਮਾਸਟਰ ਦੀ ਗਲਤ ਤਰੀਕੇ ਨਾਲ ਬਤੌਰ ਕਮਰਸ ਲੈਕਚਰਾਰ ਲਈ ਤਰੱਕੀ)**

ਸ੍ਰੀਮਾਨ ਜੀਓ,

ਓਪਰੋਕਤ ਵਿਸ਼ੇ ਅਧੀਨ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 13/05/21 ਅਤੇ 19/05/21 ਨੂੰ ਸਿੱਖਿਆ ਵਿਭਾਗ ਪੰਜਾਬ ਨੇ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਜੋ ਤਰੱਕੀਆਂ ਕੀਤੀਆਂ ਹਨ, ਉਹਨਾਂ ਵਿੱਚ ਵੱਡੇ ਪੱਧਰ ਤੇ ਹੇਰਾਫੇਰੀ ਹੋਈ ਹੈ। ਤਰੱਕੀ ਲੈਣ ਵਾਲੇ ਮਾਸਟਰਾਂ ਨੇ ਪਹਿਲਾਂ ਤਾਂ ਗਲਤ ਢੰਗ ਨਾਲ ਆਪਣੀ ਸੀਨੀਆਰਟੀ ਫਿਕਸ ਕਰਵਾ ਲਈ ਅਤੇ ਫਿਰ ਸਕਰੂਟਨੀ ਸਮੇਂ ਸਿੱਖਿਆ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਆਪਣੀ ਹੇਰਾਫੇਰੀ ਛੁਪਾ ਲਈ ਜਿਸਦੇ ਸਿੱਟੇ ਵਜੋਂ ਆਯੋਗ ਬੰਦੇ ਤਰੱਕੀ ਲੈ ਗਏ ਅਤੇ ਜਿੰਨਾਂ ਦਾ ਹੱਕ ਬਣਦਾ ਸੀ ਉਹ ਵਾਂਝੇ ਰਹਿ ਗਏ।

ਇਸ ਮਿਲੀਭੁਗਤ ਅਤੇ ਗਲਤ ਤੱਥਾਂ ਰਾਹੀਂ ਹੋਈਆਂ ਤਰੱਕੀਆਂ ਦੀਆਂ ਕੁਝ ਉਦਾਹਰਨਾਂ ਪੇਸ਼ ਹਨ:-

1. ਸਰਕਾਰੀ ਮਿਡਲ ਸਕੂਲ ਅਕਾਲਗੜ ਜਿਲਾ ਸ੍ਰੀ ਮੁਕਤਸਰ ਸਾਹਿਬ ਦੇ ਸੋਸ਼ਲ ਸਟੱਡੀ ਮਾਸਟਰ ਚੰਦ ਸਿੰਘ ਦਾ ਸੀਨੀਆਰਤਾ ਨੰ: 25265 ਚੰਦ ਸਿੰਘ (Staff ID No: 523386010) ਹੈ। ਇਹ ਅਧਿਆਪਕ 11/12/2001 ਨੂੰ ਬਤੌਰ ਈ.ਟੀ.ਟੀ. ਟੀਚਰ ਭਰਤੀ ਹੋਇਆ ਸੀ ਅਤੇ ਮਾਸਟਰ ਕਾਡਰ ਵਿਚ ਇਸਦੀ ਤਰੱਕੀ ਸਾਲ 2012 ਵਿੱਚ ਹੋਈ ਹੈ। ਪਰ ਇਸਨੇ ਆਪਣੀ ਸੀਨੀਆਰਟੀ ਅਕਤੂਬਰ-2001 ਤੋਂ ਫਿਕਸ ਕਰਵਾਈ ਹੋਈ ਹੈ ਜਦੋਂਕਿ ਇਹ ਅਧਿਆਪਕ ਨੌਕਰੀ ਵਿੱਚ ਆਇਆ ਦਸੰਬਰ-

2001 ਵਿੱਚ ਹੈ। ਸੀਨੀਆਰਟੀ ਲਿਸਟ ਵਿੱਚ ਇਹ ਬੀ.ਸੀ. ਕੈਟੇਗਰੀ ਨਾਲ ਸਬੰਧਤ ਹੈ ਪਰ ਤਰੱਕੀ ਹੁਕਮਾਂ ਵਿੱਚ ਬੀ.ਸੀ. ਅੰਗਹੀਣ ਦਰਸਾ ਕੇ ਤਰੱਕੀ ਕੀਤੀ ਹੈ। ਜਦਕਿ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਲ 2019 ਦੀ ਸੀਨੀਆਰਟੀ ਲਿਸਟ ਨਾਲ ਕਿਸੇ ਵੀ ਪ੍ਰਕਾਰ ਦੀ ਛੇੜਛਾੜ ਕਰਨ ਤੇ ਰੋਕ ਲਾਈ ਹੋਈ ਹੈ।ਫਿਰ ਵੀ ਇਹ ਅਧਿਆਪਕ ਉਸ ਸਮੇਂ ਤੋਂ ਆਪਣੀ ਸੀਨੀਆਰਟੀ ਫਿਕਸ ਕਰਵਾ ਗਿਆ ਜਦੋਂ ਇਹ ਸਰਕਾਰੀ ਨੌਕਰੀ ਵਿੱਚ ਆਇਆ ਹੀ ਨਹੀਂ ਸੀ ਤੇ ਮਾਣਯੋਗ ਹਾਈ ਕੋਰਟ ਦੇ ਹੁਕਮਾਂ ਨੂੰ ਪੈਰਾਂ ਹੇਠ ਦਬਾ ਗਿਆ।

2. ਸੀਨੀਆਰਤਾ ਨੰ: 31274 (Staff ID No: 353763610) ਨਿਰਮਲ ਸਿੰਘ ਮੈਥ ਮਾਸਟਰ, ਸਸਸਸ ਰਜਿਆ ਜਿਲਾ ਬਰਨਾਲਾ ਦੀ ਬਤੌਰ ਕਮਰਸ ਲੈਕਚਰਾਰ ਤਰੱਕੀ ਹੋਈ ਹੈ।ਇਹ ਅਧਿਆਪਕ 14/09/2017 ਨੂੰ ਈ.ਟੀ.ਟੀ. ਟੀਚਰ ਤੋਂ ਮੈਥ ਮਾਸਟਰ ਪ੍ਰਮੋਟ ਹੋਇਆ ਸੀ।ਇਸਨੇ ਵੀ ਆਪਣੀ ਸੀਨੀਆਰਟੀ ਈ.ਟੀ.ਟੀ. ਟੀਚਰ ਵਾਲੀ ਜੁਆਨਿੰਗ ਮਿਤੀ ਤੋਂ ਫਿਕਸ ਕਰਵਾਈ ਹੋਈ ਹੈ। ਹੁਣ ਸਾਲ 01/01/2016 ਵਿੱਚ ਪ੍ਰਮੋਟ ਹੋਣ ਵਾਲੇ ਅਧਿਆਪਕਾਂ ਦੀਆਂ ਪ੍ਰਮੋਸ਼ਨਾਂ ਤਾਂ ਹੋਈਆਂ ਨਹੀਂ ਪਰ 14/09/2017 ਵਾਲਾ ਤਰੱਕੀ ਲੈ ਗਿਆ।

3. ਸੀਨੀਆਰਤਾ ਨੰ: 32812 ਰਾਜੀਵ ਮਿੱਤਲ (Staff ID No: 238092606) ਸ.ਸ. ਮਾਸਟਰ, ਸਸਸਸ ਕਿਸ਼ਨਗੜ ਜਿਲਾ ਮਾਨਸਾ ਦੀ ਗਲਤ ਤਰੀਕੇ ਨਾਲ ਬਤੌਰ ਕਮਰਸ ਲੈਕਚਰਾਰ ਪ੍ਰਮੋਸ਼ਨ ਕੀਤੀ ਗਈ ਹੈ। ਇਹ ਅਧਿਆਪਕ 6060 ਪੋਸਟਾਂ ਵਿੱਚ ਠੇਕਾ ਆਧਾਰ ਤੇ 15/08/2017 ਨੂੰ ਭਰਤੀ ਹੋਇਆ ਸੀ ਅਤੇ ਸਾਲ 2019 ਵਿੱਚ ਵਿਭਾਗ ਵਿੱਚ ਰੈਗੂਲਰ ਹੋਇਆ। ਗਲਤ ਅੰਕੜੇ ਅਤੇ ਮਿਲੀਭੁਗਤ ਨਾਲ ਇਹ ਅਧਿਆਪਕ ਵੀ ਤਰੱਕੀ ਲੈ ਗਿਆ।

ਸ੍ਰੀਮਾਨ ਜੀਓ, ਹੈਰਾਨੀਜਨਕ ਤੱਥ ਇਹ ਹੈ ਕਿ ਇਹਨਾਂ ਪ੍ਰਮੋਸ਼ਨਾਂ ਦੀ ਮਾਰਚ ਮਹੀਨੇ ਤੋਂ ਸਕਰੂਟਨੀ ਚੱਲ ਰਹੀ ਹੈ। ਹਰੇਕ ਅਧਿਆਪਕ ਨੇ ਤਰੱਕੀ ਵਾਸਤੇ ਵਿਭਾਗ ਨੂੰ "ਅਨੈਕਸਚਰ-ੳ" ਭਰਕੇ ਦਿੱਤਾ ਹੈ ਜਿਸਨੂੰ ਸਬੰਧਤ ਸਕੂਲ ਦੇ ਮੁੱਖੀ ਨੇ ਤਸਦੀਕ ਕਰਕੇ ਦਿੱਤਾ ਹੈ ਅਤੇ ਪ੍ਰਮੋਸ਼ਨ ਕਮੇਟੀ ਨੇ ਇਸਨੂੰ ਵੈਰੀਫਾਈ ਵੀ ਕੀਤਾ ਹੈ। ਫਿਰ ਵੀ ਏਨੀਆਂ ਵੱਡੀਆਂ ਬੇਨਿਯਮੀਆਂ ਦਾ ਸਾਹਮਣੇ ਆਉਣਾ ਇਹ ਸਪੱਸ਼ਟ ਕਰਦਾ ਹੈ ਕਿ ਇਹ ਸਭ ਕੁਝ ਸੋਚ ਸਮਝ ਕੇ ਕੀਤਾ ਗਿਆ ਹੈ।

ਸੋ ਆਪ ਜੀ ਕਿਰਪਾ ਕਰਕੇ ਪ੍ਰਮੋਸ਼ਨ ਪ੍ਰਕ੍ਰਿਆ ਨੂੰ ਤੁਰੰਤ ਰੋਕ ਕੇ ਉਚ ਪੱਧਰੀ ਜਾਂਚ ਕਰਵਾਓ, ਅੱਖਾਂ ਬੰਦ ਕਰਕੇ ਬਿਨਾਂ ਰਿਕਾਰਡ ਦੀ ਪੜਤਾਲ ਕੀਤਿਆਂ ਪ੍ਰਮੋਸ਼ਨ ਕਰਨ ਵਾਲ਼ੀ ਕਮੇਟੀ ਦੇ ਜਿੰਮੇਵਾਰ ਅਫਸਰਾਂ ਨੂੰ ਸਖਤ ਸਜਾ ਦੇ ਕੇ ਪੀੜਤਾਂ ਨੂੰ ਬਣਦਾ ਹੱਕ ਦੇਣ ਦੀ ਮੇਹਰਬਾਨੀ ਕਰੋ ਜੀ।

ਧੰਨਵਾਦ ਸਹਿਤ।

ਮਿਤੀ: 22/05/201

**ਪ੍ਰੋਗਰੈਸਿਵ ਟੀਚਰਜ ਯੂਨੀਅਨ ਪੰਜਾਬ।**

**ਪ੍ਰਧਾਨ**



**ਸਕੱਤਰ**

